# JESUS 316

# ਯਿਸੂ ਕੌਣ ਹੈ?

**ਯਿਸੂ ਕੌਣ ਹੈ?** ਬਾਈਬਲ ਹੀ ਸਾਨੂੰ ਇਸ ਸਵਾਲ ਦਾ ਇੱਕੋ ਇੱਕ ਅਸਲ ਜਵਾਬ ਦਿੰਦੀ ਹੈ। ਰਸੂਲ ਪੌਲੁਸ ਨੇ ਲਿਖਿਆ ਹੈ, *"ਸਾਰੀ ਲਿਖਤ ਪਰਮੇਸ਼ੁਰ ਦੇ ਆਤਮਾ ਤੋਂ ਹੈ ਅਤੇ ਸਿੱਖਿਆ, ਤਾੜਨ, ਸੁਧਾਰਨ ਅਤੇ ਧਰਮ ਦੇ ਗਿੜਾਉਣ ਲਈ ਗੁਣਕਾਰ ਹੈ,"* 2 ਤਿਮੋਥਿਉਸ 3:16. ਬਾਈਬਲ ਜੋ ਕਿ ਪਰਮੇਸ਼ੁਰ ਦੇ ਮੂੰਹੋਂ ਨਿੱਕਲਿਆ ਵਚਨ ਹੈ, ਉਤਪਤ ਤੋਂ ਪਰਕਾਸ਼ ਦੀ ਪੋਥੀ ਤਕ ਸਿਖਾਉਂਦੀ ਹੈ ਕਿ ਯਿਸੂ ਹੀ ਸਦੀਪਕ ਅਤੀਤ ਤੋਂ ਸਦੀਪਕ ਭਵਿੱਖ ਤਕ ਪਰਮੇਸ਼ੁਰ ਹੈ। ਬਾਈਬਲ ਘੋਸ਼ਣਾ ਕਰਦੀ ਹੈ ਕਿ ਉਹ *"ਅਲਫਾ ਅਤੇ ਓਮੇਗਾ ਹੈ। ਜਿਹੜਾ ਹੈਸੀ ਅਤੇ ਜਿਹੜਾ ਆਉਣ ਵਾਲਾ ਹੈ,"* ਪਰਕਾਸ਼ ਦੀ ਪੋਥੀ 1:8. ਬਾਈਬਲ ਦੱਸਦੀ ਹੈ ਕਿ ਯਿਸੂ ਪਰਮੇਸ਼ੁਰ, ਸਿਰਜਣਹਾਰ, ਮਹਾਨ ਚਰਵਾਹਾ, ਪ੍ਰਭੂ, ਛੁਟਕਾਰਾ ਦੇਣ ਵਾਲਾ, ਪਰਮੇਸ਼ੁਰ ਦਾ ਲੇਲਾ, ਪ੍ਰਭੂਆਂ ਦਾ ਪ੍ਰਭੂ, ਰਾਜਿਆਂ ਦਾ ਰਾਜਾ, ਇੰਮਾਨੂਏਲ (ਪਰਮੇਸ਼ੁਰ ਸਾਡੇ ਨਾਲ ਹੈ), ਮੁਕਤੀਦਾਤਾ, ਮਹਾਂ ਜਾਜਕ, ਪੁਨਰ ਉਥਾਨ ਅਤੇ ਜੀਵਨ ਹੈ।

**ਯਿਸੂ ਸਿਰਜਣਹਾਰ ਸੀ।** *"ਆਦ ਵਿੱਚ ਸ਼ਬਦ ਸੀ ਅਰ ਸ਼ਬਦ ਪਰਮੇਸ਼ੁਰ ਦੇ ਸੰਗ ਸੀ ਅਤੇ ਸ਼ਬਦ ਪਰਮੇਸ਼ੁਰ ਸੀ ਇਹੋ ਆਦ ਵਿੱਚ ਪਰਮੇਸ਼ੁਰ ਦੇ ਸੰਗ ਸੀ ਸੱਭੋ ਕੁਝ ਉਸ ਤੋਂ ਰਚਿਆ ਗਿਆ। ਅਤੇ ਸ਼ਬਦ ਦੇਹ ਧਾਰੀ ਹੋਇਆ ਅਤੇ ਕਿਰਪਾ ਅਤੇ ਸਚਿਆਈ ਨਾਲ ਭਰਪੂਰ ਹੋ ਕੇ ਸਾਡੇ ਵਿੱਚ ਵਾਸ ਕੀਤਾ ਅਤੇ ਅਸਾਂ ਉਸ ਦਾ ਤੇਜ ਪਿਤਾ ਦੇ ਇਕਲੌਤੇ ਦੇ ਤੇਜ ਵਰਗਾ ਡਿੱਠਾ,"* ਯੂਹੰਨਾ 1:1-14 ਤੋਂ ਕੁਝ ਹਿੱਸੇ। *"ਕਿਉਂ ਜੋ ਅਕਾਸ਼ ਅਤੇ ਧਰਤੀ ਉਤਲੀਆਂ ਸਾਰੀਆਂ ਵਸਤਾਂ ਉਸੇ ਤੋਂ ਉਤਪਤ ਹੋਈਆਂ, ਨਾਲੇ ਦਿੱਸਣ ਵਾਲੀਆਂ, ਨਾਲੇ ਨਾ ਦਿੱਸਣ ਵਾਲੀਆਂ, ਕੀ ਸਿੰਘਾਸਣ, ਕੀ ਰਿਆਸਤਾਂ, ਕੀ ਹਕੂਮਤਾਂ, ਕੀ ਇਖਤਿਆਰ, ਸੱਭੋ ਕੁਝ ਉਸ ਦੇ ਰਾਹੀਂ ਅਤੇ ਉਸੇ ਦੇ ਲਈ ਉਤਪਤ ਹੋਇਆ ਹੈ,"* ਕੁਲੁੱਸੀਆਂ 1:16-17 ਤੋਂ ਲਿਆ ਗਿਆ।

**ਯਿਸੂ ਹੀ "ਮੈਂ ਹਾਂ" ਹੈ।** ਯਿਸੂ, ਜੋ ਯਹੋਵਾਹ ਦਾ ਦੂਤ ਹੈ, ਉਸ ਨੇ ਮੂਸਾ ਨੂੰ ਕੂਚ 3 ਵਿੱਚ ਬਲਦੀ ਝਾੜੀ ਵਿੱਚੋਂ ਬੁਲਾਇਆ (1,450 ਈਸਾ ਪੂਰਵ) ਅਤੇ ਆਪਣੀ ਪਹਿਚਾਣ ਮਹਾਨ *"ਮੈਂ ਹਾਂ"* ਦੇ ਤੌਰ 'ਤੇ ਦੱਸੀ। ਯੂਹੰਨਾ 8 ਵਿੱਚ, ਯਿਸੂ ਨੇ ਘੋਸ਼ਣਾ ਕੀਤੀ ਕਿ ਉਹ ਮਹਾਨ "ਮੈਂ ਹਾਂ" ਹੈ ਜੋ ਅਬਰਾਹਾਮ ਤੋਂ ਪਹਿਲਾਂ ਮੌਜੂਦ ਸੀ (2,100 ਈਸਾ ਪੂਰਵ) ਅਤੇ ਯਹੂਦੀ ਲੋਕਾਂ ਤੋਂ ਵੀ ਪਹਿਲਾਂ ਮੌਜੂਦ ਸੀ। ਯਹੂਦੀਆਂ ਨੇ ਪਰਮੇਸ਼ੁਰ ਹੋਣ ਬਾਰੇ ਉਸ ਦੀ ਘੋਸ਼ਣਾ ਨੂੰ ਸੁਣਿਆ ਅਤੇ ਉਸ ਨੰ ਮਾਰਨ ਲਈ ਪੱਥਰ ਚੁੱਕ ਲਏ। ਬਾਅਦ ਵਿੱਚ, ਯਿਸੂ ਨੇ ਆਖਿਆ, *"ਮੈਂ ਅਰ ਮੇਰਾ ਪਿਤਾ ਇੱਕੋ ਹਾਂ,"* ਯੂਹੰਨਾ 10:30-31. ਅਤੇ ਯਹੂਦੀਆਂ ਨੇ ਦੁਬਾਰਾ ਫਿਰ ਪੱਥਰ ਚੁੱਕ ਲਏ।

**ਪੁਰਾਣੇ ਨੇਮ ਵਿੱਚ ਯਿਸੂ ਹੈ।** ਕਿਸੇ ਨੇ ਵੀ ਪਿਤਾ ਪਰਮੇਸ਼ੁਰ ਨੂੰ ਨਹੀਂ ਵੇਖਿਆ ਹੈ, ਯੂਹੰਨਾ 1:18, 6:46. ਪਰ, ਯਿਸੂ ਦੇਹਧਾਰੀ ਹੋਣ ਤੋਂ ਪਹਿਲਾਂ ਪੁਰਾਣੇ ਨੇਮ ਦੇ ਸਮਿਆਂ ਵਿੱਚ ਬਹੁਤ ਸਾਰੇ ਲੋਕਾਂ ਉੱਤੇ ਪਰਗਟ ਹੋਇਆ, ਬੈਤਲਹਮ ਵਿੱਚ ਉਸ ਦਾ ਜਨਮ ਹੋਣ ਤੋਂ ਪਹਿਲਾਂ। ਉਤਪਤ 16 ਅਤੇ 21 ਵਿੱਚ ਉਹ ਹਜ਼ਾਰਾਂ ਉੱਤੇ ਯਹੋਵਾਹ ਦੇ ਦੂਤ ਦੇ ਰੂਪ ਵਿੱਚ ਪਰਗਟ ਹੋਇਆ, ਕੂਚ 3 ਵਿੱਚ ਮੂਸਾ ਉੱਤੇ ਪਰਗਟ ਹੋਇਆ, ਨਿਆਈਆਂ 6 ਵਿੱਚ ਗਿਦਾਊਨ ਉੱਤੇ, ਅਤੇ ਨਿਆਈਆਂ 13 ਵਿੱਚ ਸਮਸੂਨ ਦੇ ਮਾਪਿਆਂ ਉੱਤੇ ਪਰਗਟ ਹੋਇਆ। ਯਿਸੂ ਉਤਪਤ 18 ਅਤੇ 22 ਵਿੱਚ ਅਬਰਾਹਾਮ ਉੱਤੇ ਵੀ ਪਰਗਟ ਹੋਇਆ ਅਤੇ ਉਤਪਤ 31 ਅਤੇ 32 ਵਿੱਚ ਯਾਕੂਬ ਉੱਤੇ ਵੀ ਪਰਗਟ ਹੋਇਆ। ਅਤੇ ਯਸਾਯਾਹ 48:12-19 ਵਿੱਚ ਯਿਸੂ ਦਾ ਜ਼ਿਕਰ ਤ੍ਰਿਏਕਤਾ ਦੇ ਇੱਕ ਮੈਂਬਰ ਵਜੋਂ ਕੀਤਾ ਗਿਆ ਹੈ (ਜੋ ਕਰੀਬ 700 ਈਸਾ ਪੂਰਵ ਵਿੱਚ ਲਿਖਿਆ ਗਿਆ)।

**ਯਿਸੂ ਬਾਰੇ ਭਵਿੱਖਬਾਣੀ ਕੀਤੀ ਗਈ ਸੀ।** ਪੁਰਾਣੇ ਨੇਮ ਦੀਆਂ 300 ਤੋਂ ਜ਼ਿਆਦਾ ਭਵਿੱਖਬਾਣੀਆਂ ਵਿੱਚ ਸਦੀਆਂ ਪਹਿਲਾਂ ਹੀ ਯਿਸੂ ਦੇ ਜਨਮ, ਜੀਵਨ, ਅਤੇ ਮੌਤ ਦਾ ਵਰਣਨ ਕੀਤਾ ਗਿਆ ਹੈ। ਉਨ੍ਹਾਂ ਵਿੱਚੋਂ ਕਈ ਭਵਿੱਖਬਾਣੀਆਂ ਜ਼ਬੂਰ 22 ਵਿੱਚ ਉਸ ਦੇ ਸਲੀਬ ਉੱਤੇ ਚੜ੍ਹਾਏ ਜਾਣ ਦਾ ਦੁਖਦਾਇਕ ਵਰਣਨ ਕਰਦੀਆਂ ਹਨ (ਇਹ 1,000 ਈਸਾ ਪੂਰਵ ਦੇ ਕਰੀਬ ਲਿਖਿਆ ਗਿਆ ਸੀ ਜਦੋਂ ਮੌਤ ਦੀ ਸਜ਼ਾ ਦੇਣ ਲਈ ਪਥਰਾਓ ਕੀਤਾ ਜਾਂਦਾ ਸੀ)। ਜ਼ਬੂਰ 22 ਦੀਆਂ ਉਨ੍ਹਾਂ ਭਵਿੱਖਬਾਣੀਆਂ ਦੇ ਪੂਰਾ ਹੋਣ ਦਾ ਵਰਣਨ ਮੱਤੀ 27 ਵਿੱਚ ਕੀਤਾ ਗਿਆ ਹੈ।

**ਯਿਸੂ ਪਰਮੇਸ਼ੁਰ-ਮਨੁੱਖ ਬਣਿਆ।** ਨਬੀ ਯਸਾਯਾਹ ਨੇ ਭਵਿੱਖਬਾਣੀ ਕੀਤੀ ਕਿ, *"ਸਾਡੇ ਲਈ ਤਾਂ ਇੱਕ ਬਾਲਕ ਜੰਮਿਆ, ਅਤੇ ਸਾਨੂੰ ਇੱਕ ਪੁੱਤ੍ਰ ਬਖ਼ਸ਼ਿਆ ਗਿਆ,"* ਯਸਾਯਾਹ 9:6. ਯਸਾਯਾਹ ਨੇ ਉਸ ਦੀ ਪਹਿਚਾਣ ਸ਼ਕਤੀਸ਼ਾਲੀ ਪਰਮੇਸ਼ੁਰ ਦੇ ਰੂਪ ਵਿੱਚ ਦੱਸੀ। ਸਦੀਪਕ ਪੁੱਤਰ ਬੈਤਲਹਮ ਵਿੱਚ ਜੰਮੇ ਬੱਚੇ ਦੇ ਰੂਪ ਵਿੱਚ ਦਿੱਤਾ ਗਿਆ ਸੀ। ਯਿਸੂ ਆਪਣੇ ਜਨਮ ਤੋਂ ਪਹਿਲਾਂ ਵੀ ਸੀ – ਸਦੀਪਕ ਅਤੀਤ ਤੋਂ ਹੀ ਸੀ। "ਪਰਮੇਸ਼ੁਰ ਦਾ ਪੁੱਤਰ" ਸਿਰਲੇਖ ਉਸ ਦੇ ਜਨਮ ਦੇ ਬਜਾਏ ਉਸ ਦੀ ਪਦਵੀ ਬਾਰੇ ਦੱਸਦਾ ਹੈ। ਇਸ ਦਾ ਮਤਲਬ ਇਹ ਨਹੀਂ ਹੈ ਕਿ ਉਹ ਬੈਤਲਹਮ ਵਿੱਚ ਜਨਮ ਦੇ ਸਮੇਂ ਹੀ ਹੋਂਦ ਵਿੱਚ ਆਇਆ ਸੀ। ਰਸੂਲ ਪੌਲੁਸ ਨੇ ਲਿਖਿਆ ਹੈ, *"ਤੁਹਾਡਾ ਉਹੋ ਸੁਭਾਉ ਹੋਵੇ ਜੋ ਮਸੀਹ ਯਿਸੂ ਦਾ ਭੀ ਸੀ ਕਿ ਉਸ ਨੇ ਪਰਮੇਸ਼ੁਰ ਦੇ ਸਰੂਪ ਵਿੱਚ ਹੋ ਕੇ ਪਰਮੇਸ਼ੁਰ ਦੇ ਤੁੱਲ ਹੋਣਾ ਕਬਜ਼ੇ ਰੱਖਣ ਦੀ ਚੀਜ਼ ਨਾ ਜਾਣਿਆ ਸਗੋਂ ਉਸ ਨੇ ਆਪਣੇ ਆਪ ਨੂੰ ਸੱਖਣਾ ਕਰ ਕੇ ਦਾਸ ਦਾ ਰੂਪ ਧਾਰਿਆ ਅਤੇ ਮਨੁੱਖਾਂ ਦੀ ਸੂਰਤ ਵਿੱਚ ਜੰਮਿਆ ਅਤੇ ਮਨੁੱਖ ਦੀ ਸ਼ਕਲ ਵਿੱਚ ਪਰਗਟ ਹੋ ਕੇ ਆਪਣੇ ਆਪ ਨੂੰ ਨੀਵਿਆਂ ਕੀਤਾ ਅਤੇ ਮੌਤ ਤਾਈਂ ਸਗੋਂ ਸਲੀਬ ਦੀ ਮੌਤ ਤਾਈਂ ਆਗਿਆਕਾਰ ਬਣਿਆ,"* ਫਿਲਿੱਪੀਆਂ 2:5-8. ਯਿਸੂ ਪਰਮੇਸ਼ੁਰ ਹੁੰਦੇ ਹੋਏ ਵੀ ਪੂਰੀ ਤਰ੍ਹਾਂ ਇੱਕ ਮਨੁੱਖ ਬਣਿਆ। ਸਦੀਪਕ, ਪਹਿਲਾਂ ਤੋਂ ਹੀ ਮੌਜੂਦ ਯਿਸੂ ਇੱਕ ਮਨੁੱਖ ਬਣਨ ਲਈ ਸਵਰਗ ਤੋਂ ਆਇਆ, ਯੂਹੰਨਾ 3:13, 31, ਯੂਹੰਨਾ 6:33-38. ਯਿਸੂ ਪਰਮੇਸ਼ੁਰ ਹੋਣ ਦੇ ਨਾਲ-ਨਾਲ ਇੱਕ ਮਨੁੱਖ ਵੀ ਸੀ।

**ਯਿਸੂ ਨੇ ਚਮਤਕਾਰ ਕੀਤੇ।** ਉਸ ਦੇ ਬਹੁਤ ਸਾਰੇ ਚਮਤਕਾਰ ਨਵੇਂ ਨੇਮ ਵਿੱਚ ਪਾਏ ਜਾਂਦੇ ਹਨ। ਨਾਟਕੀ ਢੰਗ ਨਾਲ ਤਿੰਨ ਚਮਤਕਾਰਾਂ ਦੇ ਨਾਲ ਉਸ ਦੁਆਰਾ ਕੀਤੇ ਦਾਅਵੇ ਵੀ ਸ਼ਾਮਲ ਹਨ। ਉਸ ਨੇ ਚਮਤਕਾਰੀ ਢੰਗ ਨਾਲ 5,000 ਨੂੰ ਰਜਾਇਆ ਅਤੇ ਆਖਿਆ, *"ਜੀਉਣ ਦੀ ਰੋਟੀ ਮੈਂ ਹਾਂ,"* ਯੂਹੰਨਾ 6:35. ਉਸ ਨੇ ਇਹ ਆਖਣ ਤੋਂ ਬਾਅਦ ਇੱਕ ਅੰਨ੍ਹੇ ਨੂੰ ਚੰਗਾ ਕੀਤਾ, *"ਜਦ ਤੀਕੁ ਮੈਂ ਜਗਤ ਵਿੱਚ ਹਾਂ ਮੈਂ ਜਗਤ ਦਾ ਚਾਨਣ ਹਾਂ,"* ਯੂਹੰਨਾ 9:1-8. ਅਤੇ ਉਸ ਨੇ ਆਖਿਆ, *"ਕਿਆਮਤ ਅਤੇ ਜੀਉਣ ਮੈਂ ਹਾਂ। ਜੋ ਮੇਰੇ ਉੱਤੇ ਨਿਹਚਾ ਕਰਦਾ ਹੈ ਭਾਵੇਂ ਉਹ ਮਰ ਜਾਵੇ ਤਾਂ ਵੀ ਜੀਵੇਗਾ,"* ਯੂਹੰਨਾ 11:25. ਫਿਰ ਯਿਸੂ ਆਪਣੇ ਮਿੱਤਰ ਲਾਜ਼ਰ ਦੀ ਕਬਰ ਉੱਤੇ ਗਿਆ ਜੋ ਚਾਰ ਦਿਨ ਪਹਿਲਾਂ ਮਰ ਗਿਆ ਸੀ ਅਤੇ ਉਸ ਨੂੰ ਜਿਵਾਲਿਆ। ਯਿਸੂ ਨੇ ਬਿਮਾਰਾਂ, ਲੰਗੜਿਆਂ, ਬੋਲਿਆਂ, ਗੂੰਗਿਆਂ, ਕੋੜ੍ਹੀਆਂ, ਅਤੇ ਭੂਤ ਚਿੰਬੜਿਆਂ ਹੋਇਆਂ ਨੂੰ ਚੰਗਾ ਕੀਤਾ। ਉਸ ਨੇ ਪਾਣੀ ਤੋਂ ਦਾਖਰਸ ਬਣਾਇਆ, ਉਹ ਪਾਣੀ ਉੱਤੇ ਚੱਲਿਆ, ਅਤੇ ਸਮੁੰਦਰ ਨੂੰ ਸ਼ਾਂਤ ਕੀਤਾ। ਮੱਤੀ 9:2-7 ਵਿੱਚ ਉਨ੍ਹਾਂ ਮਨੁੱਖਾਂ ਦਾ ਜ਼ਿਕਰ ਹੈ ਜੋ ਇੱਕ ਅਧਰੰਗੀ ਨੂੰ ਯਿਸੂ ਕੋਲ ਲਿਆਏ ਸਨ।

ਉਸ ਨੇ ਉਸ ਮਨੁੱਖ ਨੂੰ ਆਖਿਆ, *"ਹੇ ਪੁੱਤ੍ਰ ਹੌਂਸਲਾ ਰੱਖ! ਤੇਰੇ ਪਾਪ ਮਾਫ਼ ਹੋਏ।"* ਧਾਰਮਿਕ ਆਗੂਆਂ ਨੇ ਸੋਚਿਆ ਕਿ ਇਹ ਕੁਫ਼ਰ ਹੈ ਕਿਉਂਕਿ ਪਰਮੇਸ਼ੁਰ ਹੀ ਪਾਪ ਮਾਫ਼ ਕਰ ਸਕਦਾ ਹੈ। ਯਿਸੂ ਨੇ ਉਨ੍ਹਾਂ ਤੋਂ ਪੁੱਛਿਆ, *"ਭਲਾ, ਕਿਹੜੀ ਗੱਲ ਸੁਖਾਲੀ ਹੈ, ਇਹ ਕਹਿਣਾ ਜੋ ਤੇਰੇ ਪਾਪ ਮਾਫ਼ ਹੋਏ ਯਾ ਇਹ ਕਹਿਣਾ ਭਈ ਉੱਠ ਅਤੇ ਤੁਰ? ਪਰ ਇਸ ਲਈ ਜੋ ਤੁਸੀਂ ਜਾਣੋ ਜੋ ਮਨੁੱਖ ਦੇ ਪੁੱਤ੍ਰ ਨੂੰ ਧਰਤੀ ਉੱਤੇ ਪਾਪ ਮਾਫ਼ ਕਰਨ ਦਾ ਇਖ਼ਤਿਆਰ ਹੈ ਤਦ ਉਸ ਨੇ ਅਧਰੰਗੀ ਨੂੰ ਕਿਹਾ, ਉੱਠ ਆਪਣੀ ਮੰਜੀ ਚੁੱਕ ਕੇ ਘਰ ਚੱਲਿਆ ਜਾਹ ਤਾਂ ਉਹ ਉੱਠ ਕੇ ਆਪਣੇ ਘਰ ਨੂੰ ਤੁਰ ਗਿਆ।"*

**ਯਿਸੂ ਨੇ ਸਾਬਤ ਕੀਤਾ ਕਿ ਉਹ ਪਰਮੇਸ਼ੁਰ ਹੈ।** ਯਿਸੂ ਨੇ ਆਪਣੇ ਜਨਮ, ਜੀਵਨ, ਅਤੇ ਮੌਤ ਬਾਰੇ ਪੁਰਾਣੇ ਨੇਮ ਦੀਆਂ ਭਵਿੱਖਬਾਣੀਆਂ ਨੂੰ ਪੂਰਾ ਕੀਤਾ। ਉਸ ਨੇ ਇਹ ਵਿਖਾਉਣ ਲਈ ਬਹੁਤ ਸਾਰੇ ਚਮਤਕਾਰ ਕੀਤੇ ਕਿ ਉਹ ਪਰਮੇਸ਼ੁਰ ਹੈ। ਉਸ ਨੇ ਅਧਿਕਾਰ ਦੇ ਨਾਲ ਸਿਖਾਇਆ। *"ਅਤੇ ਐਉਂ ਹੋਇਆ ਕਿ ਜਾਂ ਯਿਸੂ ਏਹ ਗੱਲਾਂ ਕਰ ਹਟਿਆ ਤਾਂ ਭੀੜ ਉਹ ਦੇ ਉਪਦੇਸ਼ ਤੋਂ ਹੈਰਾਨ ਹੋਈ ਕਿਉਂ ਜੋ ਉਹ ਉਨ੍ਹਾਂ ਦੇ ਗ੍ਰੰਥੀਆਂ ਵਾਂਝੁ ਨਹੀਂ ਪਰ ਇਖ਼ਤਿਆਰ ਵਾਲੇ ਵਾਂਝੁ ਉਨ੍ਹਾਂ ਨੂੰ ਉਪਦੇਸ਼ ਦਿੰਦਾ ਸੀ,"* ਮੱਤੀ 7:28-29. ਅਤੇ ਉਸ ਨੇ ਪਾਪ ਰਹਿਤ ਜੀਵਨ ਬਿਤਾਇਆ, ਇਬਰਾਨੀਆਂ 4:15, 1 ਪਤਰਸ 2:22, 1 ਯੂਹੰਨਾ 3:5. ਯਿਸੂ, ਇੱਕ ਪਾਪ ਰਹਿਤ ਪਰਮੇਸ਼ੁਰ-ਮਨੁੱਖ ਦੇ ਰੂਪ ਵਿੱਚ, ਸਾਡੇ ਪਾਪਾਂ ਦੇ ਲਈ ਬਲੀਦਾਨ ਹੋਣ ਵਾਸਤੇ ਪਰਮੇਸ਼ੁਰ ਦਾ ਇੱਕ ਸੰਪੂਰਣ ਲੇਲਾ ਬਣ ਗਿਆ। *"ਓਸ ਆਪ ਸਾਡਿਆਂ ਪਾਪਾਂ ਨੂੰ ਆਪਣੇ ਸਰੀਰ ਵਿੱਚ ਰੁੱਖ ਉੱਤੇ ਚੁੱਕ ਲਿਆ ਭਈ ਅਸੀਂ ਪਾਪ ਦੀ ਵੱਲੋਂ ਮਰ ਕੇ ਧਰਮ ਦੀ ਵੱਲੋਂ ਜੀਵੀਏ,"* 1 ਪਤਰਸ 2:24.

**ਯਿਸੂ ਨੂੰ ਸਲੀਬ ਉੱਤੇ ਚੜ੍ਹਾਇਆ ਗਿਆ ਅਤੇ ਉਹ ਮੁਰਦਿਆਂ ਵਿੱਚੋਂ ਜੀ ਉੱਠਿਆ।** *"ਤਸੀਂ ਜੋ ਆਪਣੀ ਅਕਾਰਥ ਚਾਲ ਤੋਂ ਜਿਹੜੀ ਤੁਹਾਡੇ ਵੱਡਿਆਂ ਤੋਂ ਚਲੀ ਆਈ ਹੈ ਨਿਸਤਾਰਾ ਪਾਇਆ ਸੋ ਨਾਸਵਾਨ ਵਸਤਾਂ ਅਰਥਾਤ ਚਾਂਦੀ ਸੋਨੇ ਨਾਲ ਨਹੀਂ ਸਗੋਂ ਮਸੀਹ ਦੇ ਅਮੋਲਕ ਲਹੂ ਨਾਲ ਪਾਇਆ ਜਿਹੜਾ ਨਿਹਕਲੰਕ ਅਤੇ ਬੇਦਾਗ ਲੇਲੇ ਦੀ ਨਿਆਈਂ ਸੀ,"* 1 ਪਤਰਸ 1:18-19. *"ਅਸੀਂ ਉਨ੍ਹਾਂ ਸਭਨਾਂ ਕੰਮਾਂ ਦੇ ਗਵਾਹ ਹਾਂ ਜਿਹੜੇ ਉਹ ਨੇ ਯਹੂਦੀਆਂ ਦੇ ਦੇਸ ਅਤੇ ਯਰੂਸ਼ਲਮ ਵਿੱਚ ਕੀਤੇ ਅਤੇ ਉਨ੍ਹਾਂ ਨੇ ਉਹ ਨੂੰ ਰੁੱਖ ਉੱਤੇ ਲਮਕਾ ਕੇ ਮਾਰ ਸੁੱਟਿਆ। ਉਹ ਨੂੰ ਪਰਮੇਸ਼ੁਰ ਨੇ ਤੀਜੇ ਦਿਨ ਜਿਵਾਲਿਆ ਅਤੇ ਉਹ ਨੂੰ ਪਰਗਟ ਹੋਣ ਦਿੱਤਾ,"* ਰਸੂਲਾਂ ਦੇ ਕਰਤੱਬ 10:39-40, 43. *"ਕਿਉਂ ਜੋ ਮੈਂ ਮੁੱਖ ਗੱਲਾਂ ਵਿੱਚੋਂ ਉਹ ਗੱਲ ਤੁਹਾਨੂੰ ਸੌਂਪ ਦਿੱਤੀ ਜਿਹੜੀ ਮੈਨੂੰ ਪਰਾਪਤ ਵੀ ਹੋਈ ਜੋ ਮਸੀਹ ਪੁਸਤਕਾਂ ਦੇ ਅਨੁਸਾਰ ਸਾਡਿਆਂ ਪਾਪਾਂ ਦੇ ਕਾਰਨ ਮੋਇਆ ਅਤੇ ਇਹ ਕਿ ਦੱਬਿਆ ਗਿਆ ਅਤੇ ਇਹ ਕਿ ਪੁਸਤਕਾਂ ਦੇ ਅਨੁਸਾਰ ਤੀਜੇ ਦਿਹਾੜੇ ਜੀ ਉੱਠਿਆ,"* 1 ਕੁਰਿੰਥੀਆਂ 15:3-4. ਯਿਸੂ ਕਬਰ ਦੇ ਵਿੱਚੋਂ ਜੀ ਉੱਠਿਆ ਅਤੇ ਵਾਪਸ ਸਵਰਗ ਜਾਣ ਤੋਂ ਪਹਿਲਾਂ ਉਸ ਨੂੰ ਬਹੁਤ ਸਾਰੇ ਗਵਾਹਾਂ ਦੁਆਰਾ ਵੇਖਿਆ ਗਿਆ।

**ਪਰਮੇਸ਼ੁਰ ਕੋਲ ਜਾਣ ਲਈ ਯਿਸੂ ਹੀ ਇੱਕ ਰਾਹ ਹੈ।** ਯਿਸੂ ਨੇ ਆਖਿਆ, *"ਰਾਹ ਅਤੇ ਸਚਿਆਈ ਅਤੇ ਜੀਉਣ ਮੈਂ ਹਾਂ। ਕੋਈ ਮੇਰੇ ਵਸੀਲੇ ਬਿਨਾ ਪਿਤਾ ਦੇ ਕੋਲ ਨਹੀਂ ਆਉਂਦਾ,"* ਯੂਹੰਨਾ 14:6. ਰਸੂਲ ਪਤਰਸ ਨੇ ਆਖਿਆ, *"ਅਰ ਕਿਸੇ ਦੂਏ ਤੋਂ ਮੁਕਤੀ ਨਹੀਂ ਕਿਉਂ ਜੋ ਅਕਾਸ਼ ਦੇ ਹੇਠਾਂ ਮਨੁੱਖਾਂ ਵਿੱਚ ਕੋਈ ਦੂਜਾ ਨਾਮ ਨਹੀਂ ਦਿੱਤਾ ਗਿਆ ਜਿਸ ਤੋਂ ਅਸੀਂ ਬਚਾਏ ਜਾਣਾ ਹੈ,"* ਰਸੂਲਾਂ ਦੇ ਕਰਤੱਬ 4:12. ਰਸੂਲ ਪੌਲੁਸ ਨੇ ਲਿਖਿਆ, *"ਕਿਉਂ ਜੋ ਪਰਮੇਸ਼ੁਰ ਇੱਕੋ ਹੈ ਅਰ ਪਰਮੇਸ਼ੁਰ ਅਤੇ ਮਨੁੱਖਾਂ ਵਿੱਚ ਇੱਕੋ ਵਿਚੋਲਾ ਹੈ ਜਿਹੜਾ ਆਪ ਮਨੁੱਖ ਹੈ ਅਰਥਾਤ ਮਸੀਹ ਯਿਸੂ ਜਿਹ ਨੇ ਆਪਣੇ ਆਪ ਨੂੰ ਸਭਨਾਂ ਲਈ ਪ੍ਰਾਸਚਿਤ ਕਰ ਕੇ ਦੇ ਦਿੱਤਾ ਅਤੇ ਉਹ ਦੀ ਸਾਖੀ ਆਪਣੇ ਵੇਲੇ ਸਿਰ ਹੋਈ,"* 1 ਤਿਮੋਥਿਉਸ 2:5-6. ਪਰਮੇਸ਼ੁਰ ਕੋਲ ਜਾਣ ਲਈ ਯਿਸੂ ਦਾ ਰਾਹ ਹੋਰ ਸਾਰੇ ਧਰਮਾਂ ਦੇ ਨਾਲੋਂ ਵੱਖਰਾ ਹੈ। ਉਹ ਸਾਡੀ ਪਾਪ ਦੀ ਸਮੱਸਿਆ ਦੇ ਲਈ ਕੋਈ ਹੱਲ ਪ੍ਰਦਾਨ ਨਹੀਂ ਕਰਦੇ। ਉਹ ਭਲੇ ਅਤੇ ਬੁਰੇ ਬਾਰੇ ਆਪਣੀਆਂ ਵੱਖੋ-ਵੱਖਰੀਆਂ ਪਰਿਭਾਸ਼ਾਵਾਂ ਦੁਆਰਾ ਸਿਖਾਉਂਦੇ ਹਨ ਕਿ ਜੇ ਉਹ ਆਮ ਤੌਰ 'ਤੇ ਭਲਾ ਕਰਦੇ ਹਨ, ਤਾਂ ਉਨ੍ਹਾਂ ਦੇ ਦੇਵਤੇ ਪਾਪ ਨੂੰ ਅਣਦੇਖਿਆਂ ਕਰ ਸਕਦੇ ਹਨ ਅਤੇ ਉਨ੍ਹਾਂ ਨੂੰ ਸਵਰਗ ਜਾਣ ਦੇ ਸਕਦੇ ਹਨ। ਯਿਸੂ ਦਾ ਰਾਹ ਇਹ ਹੈ ਕਿ ਉਸ ਉੱਤੇ ਵਿਸ਼ਵਾਸ ਕਰਨ ਦੁਆਰਾ ਸਲੀਬ ਉੱਤੇ ਤੁਹਾਡੇ ਪਾਪਾਂ ਦਾ ਭੁਗਤਾਨ ਹੋ ਜਾਂਦਾ ਹੈ ਅਤੇ ਉਹ ਮਾਫ਼ ਕੀਤੇ ਜਾਂਦੇ ਹਨ। ਯਿਸੂ ਦੇ ਨਾਲ ਤੁਸੀਂ ਮਾਫ਼ੀ ਪ੍ਰਾਪਤ ਕਰਕੇ ਸਵਰਗ ਜਾਂਦੇ ਹੋ। *"ਕਿਉਂਕਿ ਪਰਮੇਸ਼ੁਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਹ ਨੇ ਆਪਣੇ ਇਕਲੌਤਾ ਪੁੱਤ੍ਰ ਬਖ਼ਸ਼ ਦਿੱਤਾ ਤਾਂ ਜੋ ਹਰੇਕ ਜੋ ਉਸ ਉੱਤੇ ਨਿਹਚਾ ਕਰੇ ਨਾਸ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ,"* ਯੂਹੰਨਾ 3:16.

**ਯਿਸੂ ਵਾਪਸ ਆਵੇਗਾ।** ਯਿਸੂ ਨੇ ਆਖਿਆ, *"ਮੇਰੇ ਪਿਤਾ ਦੇ ਘਰ ਵਿੱਚ ਬਹੁਤ ਸਾਰੇ ਨਿਵਾਸ ਹਨ ਨਹੀਂ ਤਾਂ ਮੈਂ ਤੁਹਾਨੂੰ ਕਹਿੰਦਾ ਕਿਉਂ ਜੋ ਮੈਂ ਤੁਹਾਡੇ ਲਈ ਜਗ੍ਹਾ ਤਿਆਰ ਕਰਨ ਜਾਂਦਾ ਹਾਂ ਅਰ ਜੇ ਮੈਂ ਜਾ ਕੇ ਤੁਹਾਡੇ ਲਈ ਜਗ੍ਹਾ ਤਿਆਰ ਕਰਾਂ ਤਾਂ ਫੇਰ ਆਣ ਕੇ ਤੁਹਾਨੂੰ ਆਪਣੇ ਕੋਲ ਲੈ ਲਵਾਂਗਾ ਭਈ ਜਿੱਥੇ ਮੈਂ ਹਾਂ ਤੁਸੀਂ ਭੀ ਹੋਵੋ,"* ਯੂਹੰਨਾ 14:2-3. ਅਤੇ ਬਾਈਬਲ ਦੇ ਅੰਤਿਮ ਵਚਨਾਂ ਵਿੱਚ ਯਿਸੂ ਨੇ ਆਖਿਆ, *"ਮੈਂ ਛੇਤੀ ਆਉਂਦਾ ਹਾਂ।"* ਰਸੂਲ ਯੂਹੰਨਾ ਨੇ ਅੱਗੇ ਆਖਿਆ, *"ਆਮੀਨ। ਹੇ ਪ੍ਰਭੂ ਯਿਸੂ, ਆਓ!"* ਪਰਕਾਸ਼ ਦੀ ਪੋਥੀ 22:20-21. ਜੇ ਯਿਸੂ ਅੱਜ ਵਾਪਸ ਆਉਂਦਾ ਹੈ, ਤਾਂ ਕੀ ਤੁਸੀਂ ਉਸ ਨੂੰ ਮਿਲਣ ਲਈ ਤਿਆਰ ਹੋਵੋਗੇ? ਇਹ ਯਕੀਨੀ ਬਣਾਉਣ ਲਈ ਕਿ ਤੁਸੀਂ ਯਿਸੂ ਉੱਤੇ ਵਿਸ਼ਵਾਸ ਕਰਨ ਕਰਕੇ ਅਤੇ ਪਰਮੇਸ਼ੁਰ ਦੁਆਰਾ ਮਾਫ਼ ਕੀਤੇ ਜਾ ਕੇ ਯਿਸੂ ਨੂੰ ਮਿਲਣ ਲਈ ਤਿਆਰ ਹੋ, www.Gospel316.org 'ਤੇ ਜਾਓ।

**ਯਿਸੂ ਸਦੀਪਕ ਅਤੀਤ ਤੋਂ ਲੈ ਕੇ ਸਦੀਪਕ ਭਵਿੱਖ ਤਕ ਪਰਮੇਸ਼ੁਰ ਹੈ।**

**ਉਸ ਦੇ ਨਾਮ ਦਾ ਜ਼ਿਕਰ ਸੁਣ ਕੇ ਹੈਰਾਨੀ ਅਤੇ ਅਚੰਭੇ ਦੇ ਨਾਲ ਭਰ ਜਾਓ!**

---

*ਯਿਸੂ ਕੌਣ ਹੈ?* © 2025 ਜੌਨ ਡੀ. ਮੌਰਿਸ III ਦੁਆਰਾ, ਐਕਟਸ ਵਨ ਏਟ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ ਹੈ। ਤੁਸੀਂ ਇਸ ਪੂਰੇ ਬਿਆਨ ਸਮੇਤ ਇਸ ਸਮੱਗਰੀ ਨੂੰ ਬਿਨਾਂ ਕਿਸੇ ਬਦਲਾਅ ਦੇ ਮੁਫ਼ਤ ਵਿੱਚ ਛਾਪ ਸਕਦੇ ਹੋ, ਕਾਪੀ ਕਰ ਸਕਦੇ ਹੋ, ਪੋਸਟ ਕਰ ਸਕਦੇ ਹੋ, ਈਮੇਲ ਕਰ ਸਕਦੇ ਹੋ ਜਾਂ ਸੁਨੇਹੇ ਵਜੋਂ ਭੇਜ ਸਕਦੇ ਹੋ। ਤੁਸੀਂ ਪੰਨਾ ਇੱਕ ਦੇ ਉੱਪਰ ਆਪਣੀ ਸੇਵਕਾਈ ਜਾਂ ਚਰਚ ਦਾ ਨਾਮ ਜਾਂ ਲੋਗੋ ਜੋੜ ਸਕਦੇ ਹੋ ਅਤੇ ਪੰਨਾ ਦੋ ਦੇ ਹੇਠਾਂ ਠੋਸ ਲਾਈਨ ਦੇ ਉੱਪਰ ਆਪਣੀ ਸੰਪਰਕ ਜਾਣਕਾਰੀ ਜੋੜ ਸਕਦੇ ਹੋ। Jesus316 ਸਿਰਫ਼ ਬਾਈਬਲ 'ਤੇ ਅਧਾਰਤ ਹੈ। ਇਹ ਲੋਕਾਂ ਦੀ ਯਿਸੂ ਮਸੀਹ ਉੱਤੇ ਵਿਸ਼ਵਾਸ ਕਰਨ ਅਤੇ ਫਿਰ ਉਸਦੇ ਚੇਲੇ ਬਣਨ ਵਿੱਚ ਮਦਦ ਕਰਨ ਲਈ ਮੌਜੂਦ ਹੈ। ਤੁਸੀਂ ਐਕਟਸ ਵਨ ਏਟ ਨੂੰ (ਜੇ ਸੰਭਵ ਹੋਵੇ ਤਾਂ ਅੰਗਰੇਜ਼ੀ ਵਿੱਚ) ਈਮੇਲ ਕਰ ਸਕਦੇ ਹੋ: Hello@Mail316.org. ਗੈਰ-ਅੰਗਰੇਜ਼ੀ ਸੰਸਕਰਣਾਂ ਲਈ ਅਨੁਵਾਦ ਸੇਵਾਵਾਂ www.ChristianLingua.com ਦੁਆਰਾ ਪ੍ਰਦਾਨ ਕੀਤੀਆਂ ਗਈਆਂ ਸਨ। *ਯਿਸੂ ਕੌਣ ਹੈ?* 48 ਭਾਸ਼ਾਵਾਂ ਵਿੱਚ www.Jesus316.org 'ਤੇ ਮੁਫਤ ਉਪਲਬਧ ਹੈ। ਅੰਗਰੇਜ਼ੀ ਸੰਸਕਰਣ ਵਿੱਚ ਬਾਈਬਲ ਦੇ ਹਵਾਲੇ ਦ ਲੌਕਮੈਨ ਫਾਊਂਡੇਸ਼ਨ ਦੇ ਨਿਊ ਅਮਰੀਕਨ ਸਟੈਂਡਰਡ ਬਾਈਬਲ 1995 ਤੋਂ ਲਏ ਗਏ ਹਨ। ਇਸ ਅਨੁਵਾਦ ਵਿੱਚ ਬਾਈਬਲ ਦੇ ਹਵਾਲੇ Punjabi-OV (ਪੰਜਾਬੀ ਬਾਈਬਲ ਦੇ ਪੁਰਾਣੇ ਸੰਸਕਰਣ) ਤੋਂ ਲਏ ਗਏ ਹਨ।